# ਮੌਡੀਊਲ 8 – ਡਾਇਐਲਿਸਿਸ ਦੀਆਂ ਦਵਾਈਆਂ
# Module 8 – Dialysis Medications

ਜਦੋਂ ਤੁਹਾਡੇ ਗੁਰਦੇ ਫੇਲ੍ਹ ਹੋ ਜਾਣ ਤਾਂ ਡਾਇਐਲਿਸਿਸ, ਖ਼ੁਰਾਕ ਅਤੇ ਤਰਲ ਕੰਟਰੋਲ ਦੇ ਨਾਲ ਦਵਾਈਆਂ ਤੁਹਾਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰ ਸਕਦੀਆਂ ਹਨ। ਤੁਹਾਡੀਆਂ ਲੋੜਾਂ ਅਨੁਸਾਰ ਦਵਾਈਆਂ ਤਜਵੀਜ਼ ਕੀਤੀਆਂ ਜਾਂਦੀਆਂ ਹਨ। ਤੁਹਾਡਾ ਫਾਰਮਾਸਿਸਟ ਅਤੇ ਨਰਸ ਤੁਹਾਨੂੰ ਇਹ ਸਿਖਾਵੇਗੀ ਕਿ ਤੁਸੀਂ ਆਪਣੀਆਂ ਦਵਾਈਆਂ ਕਿਵੇਂ ਲੈਣੀਆਂ ਹਨ ਤਾਂ ਕਿ ਤੁਹਾਨੂੰ ਸਭ ਤੋਂ ਵੱਧ ਫਾਇਦਾ ਹੋ ਸਕੇ।

ਤਜਵੀਜ਼ ਕੀਤੇ ਅਨੁਸਾਰ ਆਪਣੀਆਂ ਦਵਾਈਆਂ ਲੈਣਾ ਅਤੇ ਜੇ ਤੁਹਾਨੂੰ ਕੋਈ ਵੀ ਅਣਕਿਆਸੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਆਪਣੀ ਟੀਮ ਨੂੰ ਤੁਰੰਤ ਸੂਚਿਤ ਕਰਨਾ ਬਹੁਤ ਮਹੱਤਵਪੂਰਨ ਹੈ। ਜੇ ਤੁਹਾਡੀ ਗੁਰਦਾ ਸਿਹਤ-ਸੰਭਾਲ ਟੀਮ ਤੋਂ ਬਾਹਰ ਕਿਸੇ ਵਿਅਕਤੀ ਵੱਲੋਂ ਤੁਹਾਨੂੰ ਦਵਾਈ ਤਜਵੀਜ਼ ਕੀਤੀ ਗਈ ਹੈ ਤਾਂ ਇਸ ਦਵਾਈ ਨੂੰ ਲੈਣ ਤੋਂ ਪਹਿਲਾਂ ਆਪਣੀ ਘਰੇਲੂ ਡਾਇਐਲਿਸਿਸ ਟੀਮ ਨਾਲ ਸਲਾਹ-ਮਸ਼ਵਰਾ ਕਰਨਾ ਮਹੱਤਵਪੂਰਨ ਹੈ। ਨਾਲ ਹੀ, ਡਾਕਟਰ ਦੀ ਤਜਵੀਜ਼ ਤੋਂ ਬਿਨਾਂ ਓਵਰ-ਕਾਊਂਟਰ ਮਿਲਣ ਵਾਲੀਆਂ ਕੋਈ ਵੀ ਦਵਾਈਆਂ, ਜੜੀ-ਬੂਟੀਆਂ, ਵਿਕਲਪਕ ਦਵਾਈਆਂ ਜਾਂ ਖ਼ੁਰਾਕੀ ਸੰਪੂਰਕਾਂ ਨੂੰ ਲੈਣ ਤੋਂ ਪਹਿਲਾਂ ਆਪਣੀ ਟੀਮ ਨਾਲ ਸਲਾਹ ਮਸ਼ਵਰਾ ਕਰੋ।

## ਆਪਣੀ ਦਵਾਈ ਬਾਰੇ ਯਾਦ ਰੱਖਣਯੋਗ ਗੱਲਾਂ
## Things to remember about your medications

- ਜੇ ਤੁਹਾਨੂੰ ਦਵਾਈਆਂ ਤੋਂ ਕੋਈ ਅਜਿਹੀਆਂ ਐਲਰਜੀਆਂ ਹਨ ਜਿਨ੍ਹਾਂ ਬਾਰੇ ਤੁਹਾਨੂੰ ਪਤਾ ਹੈ ਤਾਂ ਆਪਣੇ ਫਾਰਮਾਸਿਸਟ ਅਤੇ ਸਿਹਤ-ਸੰਭਾਲ ਟੀਮ ਨੂੰ ਦੱਸੋ।
- ਆਪਣੀਆਂ ਦਵਾਈਆਂ ਦੀ ਇੱਕ ਸੂਚੀ ਬਣਾਓ ਅਤੇ ਇਸ ਨੂੰ ਹਰ ਸਮੇਂ ਆਪਣੇ ਨਾਲ ਰੱਖੋ।
- ਜੇ ਤੁਸੀਂ ਇੱਕ ਤੋਂ ਵਧੇਰੇ ਡਾਕਟਰ ਕੋਲ ਜਾਂਦੇ ਹੋ ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਹਰ ਵਾਰ ਜਦੋਂ ਉਨ੍ਹਾਂ ਨੂੰ ਮਿਲਦੇ ਹੋ, ਉਦੋਂ ਉਨ੍ਹਾਂ ਨੂੰ ਆਪਣੀਆਂ ਵਰਤਮਾਨ ਦਵਾਈਆਂ ਦੀ ਇੱਕ ਸੂਚੀ ਦੇਵੋ।
- ਜਾਂਚ ਕਰੋ ਕਿ ਤੁਹਾਨੂੰ ਉਹ ਦਵਾਈ ਮਿਲਦੀ ਹੈ ਜਿਹੜੀ ਤੁਹਾਡੇ ਡਾਕਟਰ ਨੇ ਤਜਵੀਜ਼ ਕੀਤੀ ਹੈ। ਆਪਣੀਆਂ ਦਵਾਈਆਂ ਬਾਰੇ ਵਧੇਰੇ ਜਾਣਕਾਰੀ ਅਤੇ ਦਵਾਈਆਂ ਨੂੰ ਸਹੀ ਤਰੀਕੇ ਨਾਲ ਕਿਵੇਂ ਲੈਣਾ ਹੈ, ਇਸ ਬਾਰੇ ਹੋਰ ਜਾਣਕਾਰੀ ਵਾਸਤੇ ਆਪਣੇ ਫਾਰਮਾਸਿਸਟ ਨਾਲ ਗੱਲ ਕਰੋ।
- ਮਿਆਦ ਪੁੱਗਣ ਦੀ ਤਾਰੀਖ਼ ਦੇਖੋ। **ਮਿਆਦ ਪੁੱਗਣ ਦੀ ਤਾਰੀਖ਼ ਤੋਂ ਬਾਅਦ (ਐਕਸਪਾਇਰਡ) ਦਵਾਈ ਨਾ ਲਓ।**
- ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਕਲੀਨਿਕ ਵਿਖੇ ਆਪਣੀ ਹਰ ਫੇਰੀ ਦੌਰਾਨ ਆਪਣੀਆਂ ਦਵਾਈਆਂ ਨਾਲ ਲੈ ਕੇ ਆਓ।
- ਗੋਲ਼ੀਆਂ ਦੀਆਂ ਸ਼ੀਸ਼ੀਆਂ ਨਾ ਬਦਲੋ।

ਜਿਨ੍ਹਾਂ ਲੋਕਾਂ ਦੇ ਗੁਰਦੇ ਫੇਲ੍ਹ ਹੋ ਜਾਂਦੇ ਹਨ ਉਨ੍ਹਾਂ ਨੂੰ ਲੋੜੀਂਦੀਆਂ ਕੁਝ ਦਵਾਈਆਂ ਵਿੱਚ ਸ਼ਾਮਲ ਹਨ:

## ਵਿਟਾਮਿਨ ਅਤੇ ਖਣਿਜ Vitamins and minerals

ਸਹੀ ਢੰਗ ਨਾਲ ਕੰਮ ਕਰਨ ਵਾਸਤੇ ਤੁਹਾਡੇ ਸਰੀਰ ਨੂੰ ਵਿਟਾਮਿਨਾਂ ਦੀ ਲੋੜ ਹੁੰਦੀ ਹੈ, ਪਰ ਕਈ ਵਾਰੀ ਸਰੀਰ ਆਪਣੇ ਆਪ ਵਿਟਾਮਿਨ ਨਹੀਂ ਬਣਾਉਂਦਾ। ਆਦਰਸ਼ ਤੌਰ 'ਤੇ, ਤੁਹਾਨੂੰ ਲੋੜੀਂਦੇ ਵਿਟਾਮਿਨ ਤੁਹਾਡੇ ਭੋਜਨ ਤੋਂ ਹੀ ਮਿਲ ਜਾਣੇ ਚਾਹੀਦੇ ਹਨ। ਪਰ, ਜਿਹੜੇ ਲੋਕਾਂ ਨੂੰ ਗੁਰਦੇ ਦਾ ਰੋਗ ਹੋਵੇ ਉਨ੍ਹਾਂ ਦੀਆਂ ਵਿਟਾਮਿਨ ਦੀਆਂ ਲੋੜਾਂ ਵਖਰੀਆਂ ਹੋ ਸਕਦੀਆਂ ਹਨ ਕਿਉਂਕਿ ਉਨ੍ਹਾਂ ਦੇ ਕੁਝ ਵਿਟਾਮਿਨ ਡਾਇਐਲਿਸਿਸ ਰਾਹੀਂ ਨਿਕਲ ਜਾਂਦੇ ਹਨ ਅਤੇ ਬਾਕੀ ਵਿਟਾਮਿਨ ਇਕੱਤਰ ਹੁੰਦੇ ਰਹਿੰਦੇ ਹਨ।

ਤੁਹਾਡੇ ਗੁਰਦਿਆਂ ਦੇ ਮਾਹਰ ਡਾਕਟਰ, ਜਾਂ ਡਾਈਟੀਸ਼ੀਅਨ ਵੱਲੋਂ ਵਿਟਾਮਿਨ ਦੀਆਂ ਜਿਹੜੀਆਂ ਗੋਲੀਆਂ ਮੰਗਵਾਈਆਂ ਜਾਂਦੀਆਂ ਹਨ ਉਹ ਡਾਇਐਲਿਸਿਸ ਵਾਲੇ ਵਿਅਕਤੀਆਂ ਲਈ ਵਿਸ਼ੇਸ਼ ਤੌਰ 'ਤੇ ਬਣੇ ਵਿਟਾਮਿਨ ਹੁੰਦੇ ਹਨ। ਤੁਹਾਨੂੰ ਸਿਹਤਮੰਦ ਰੱਖਣ ਲਈ ਉਨ੍ਹਾਂ ਵਿੱਚ ਵਿਟਾਮਿਨਾਂ ਦੀ ਸਹੀ ਮਿਕਦਾਰ ਹੁੰਦੀ ਹੈ।

ਕੋਈ ਵੀ ਹੋਰ ਵਾਧੂ ਵਿਟਾਮਿਨ, ਖਣਿਜ ਜਾਂ ਹਰਬਲ ਦਵਾਈਆਂ ਲੈਣ ਤੋਂ ਪਹਿਲਾਂ ਆਪਣੀ ਸਿਹਤ ਸੰਭਾਲ ਟੀਮ ਦੀ ਸਲਾਹ ਲਓ।

## ਗੁਰਦੇ ਲਈ ਮਲਟੀਵਿਟਾਮਿਨ Kidney multivitamins

ਗੁਰਦੇ ਦੇ ਮਰੀਜ਼ਾਂ ਨੂੰ ਦਿੱਤੇ ਜਾਣ ਵਾਲੇ ਦੋ ਆਮ ਮਲਟੀਵਿਟਾਮਿਨਾਂ ਦੇ ਨਾਂ ਹਨ ਰੈਪਲਾਵਾਈਟ ਅਤੇ ਰੈਨਾਵਾਈਟ। ਇਨ੍ਹਾਂ ਮਲਟੀਵਿਟਾਮਿਨਾਂ ਵਿੱਚ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਵਿਟਾਮਿਨਾਂ ਦਾ ਸਹੀ ਸੁਮੇਲ ਹੁੰਦਾ ਹੈ। ਹਮੇਸ਼ਾ ਹੀਮੋਡਾਈਐਲਿਸਿਸ ਤੋਂ ਬਾਅਦ ਆਪਣੇ ਮਲਟੀਵਿਟਾਮਿਨ ਲਓ। ਪਾਣੀ ਵਿੱਚ ਘੁਲਣ ਵਾਲੇ ਵਿਟਾਮਿਨ ਹੀਮੋਡਾਇਐਲਿਸਿਸ ਟ੍ਰੀਟਮੈਂਟ ਦੇ ਨਾਲ ਨਿਕਲ ਜਾਂਦੇ ਹਨ।

## ਵਿਟਾਮਿਨ ਡੀ (ਐਨਾਲੋਗਸ) Vitamin D (analogues)

ਤੁਹਾਡੀ ਸਿਹਤ ਸੰਭਾਲ ਟੀਮ ਇਹ ਫੈਸਲਾ ਕਰ ਸਕਦੀ ਹੈ ਕਿ ਤੁਹਾਨੂੰ ਕੈਲਸਿਟਰੀਔਲ ਜਾਂ ਐਲਫਾ ਕੈਲਸੀਡੋਲ (One-Alpha® - ਵੰਨ-ਐਲਫਾ) ਨਾਂ ਦੇ ਵਿਟਾਮਿਨ ਡੀ ਦੀ ਵਿਸ਼ੇਸ਼ ਕਿਸਮ ਦੀ ਲੋੜ ਹੈ।

ਵਿਟਾਮਿਨ ਡੀ ਪੈਰਾਥਾਇਰੌਇਡ ਹਾਰਮੋਨ (ਪੀ.ਟੀ.ਐੱਚ.) ਨੂੰ ਨਿਯਮਿਤ ਕਰਨ ਵਿੱਚ ਮਦਦ ਕਰਦਾ ਹੈ। ਇਹ ਅਜਿਹਾ ਹਾਰਮੋਨ ਹੁੰਦਾ ਹੈ ਜੋ ਤੁਹਾਡੇ ਖ਼ੂਨ ਅਤੇ ਹੱਡੀਆਂ ਵਿੱਚ ਕੈਲਸੀਅਮ ਅਤੇ ਫਾਸਫੋਰਸ ਦਾ ਪੱਧਰ ਨਿਯਮਿਤ ਕਰਦਾ ਹੈ। ਗੁਰਦੇ ਦੇ ਰੋਗ ਵਾਲੇ ਲੋਕਾਂ ਵਿੱਚ ਕਈ ਵਾਰੀ ਪੈਰਾਥਾਇਰੌਇਡ

ਹਾਰਮੋਨ (ਪੀ.ਟੀ.ਐੱਚ.) "ਲੋੜ ਤੋਂ ਵੱਧ ਕੰਮ" ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਬਹੁਤ ਜ਼ਿਆਦਾ ਪੀ.ਟੀ.ਐੱਚ. ਪੈਦਾ ਕਰਨ ਲੱਗ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਧਮਣੀਆਂ ਸਖ਼ਤ ਹੋ ਜਾਂਦੀਆਂ ਹਨ। ਵਿਟਾਮਿਨ ਡੀ ਤੁਹਾਡੇ ਪੀ.ਟੀ.ਐੱਚ. ਦੇ ਪੱਧਰ ਨੂੰ ਘੱਟ ਰੱਖਣ ਵਿੱਚ ਸਹਾਈ ਹੋਵੇਗਾ।

## ਵਿਟਾਮਿਨਾਂ ਬਾਰੇ ਜਾਣਨਯੋਗ ਗੱਲਾਂ
## Things to know about vitamins

- ਆਪਣੇ ਡਾਇਐਲਿਸਿਸ ਤੋਂ ਬਾਅਦ ਤਜਵੀਜ਼ ਕੀਤੇ ਵਿਟਾਮਿਨ ਸੰਪੂਰਕ ਲਓ।
- ਜੇ ਤੁਸੀਂ ਐਕਸਟੈਂਡਿਡ ਡਾਇਐਲਿਸਿਸ ’ਤੇ ਹੋ ਤਾਂ ਤੁਹਾਨੂੰ ਹੋਰ ਜ਼ਿਆਦਾ ਵਿਟਾਮਿਨਾਂ ਦੀ ਲੋੜ ਪੈ ਸਕਦੀ ਹੈ। ਵਧੇਰੇ ਜਾਣਕਾਰੀ ਲਈ ਆਪਣੇ ਡਾਈਟੀਸ਼ੀਅਨ ਨਾਲ ਸੰਪਰਕ ਕਰੋ।
- ਆਪਣੇ ਡਾਕਟਰ ਦੀ ਸਲਾਹ ਤੋਂ ਬਿਨਾਂ ਓਵਰ-ਕਾਊਂਟਰ ਮਿਲਣ ਵਾਲਾ ਵਿਟਾਮਿਨ ਡੀ ਨਾ ਲਓ।

## ਆਇਰਨ Iron

ਮਨੁੱਖੀ ਸਰੀਰ ਨੂੰ ਖ਼ੂਨ ਦੇ ਸਿਹਤਮੰਦ ਲਾਲ ਸੈੱਲ ਬਣਾਉਣ ਵਾਸਤੇ ਆਇਰਨ ਦੀ ਲੋੜ ਹੁੰਦੀ ਹੈ। ਡਾਇਐਲਿਸਿਸ ਦੇ ਜ਼ਿਆਦਾਤਰ ਮਰੀਜ਼ਾਂ ਨੂੰ ਵਾਧੂ ਆਇਰਨ ਲੈਣਾ ਪਵੇਗਾ। ਤੁਹਾਡੇ ਗੁਰਦਿਆਂ ਦਾ ਮਾਹਰ ਡਾਕਟਰ (ਨੈਫਰਾਲੋਜਿਸਟ) ਵੱਲੋਂ ਤੁਹਾਡੇ ਲਈ ਆਇਰਨ ਦੀ ਉਹ ਖ਼ੁਰਾਕ ਅਤੇ ਕਿਸਮ ਤਜਵੀਜ਼ ਕੀਤੀ ਜਾਵੇਗੀ ਜਿਸ ਨਾਲ ਤੁਹਾਡੀਆਂ ਜ਼ਰੂਰਤਾਂ ਦੀ ਪੂਰਤੀ ਹੋ ਸਕੇ।

- **ਮੂੰਹ ਰਾਹੀਂ ਲਿਆ ਜਾਣ ਵਾਲਾ ਆਇਰਨ:** ਆਮ ਤੌਰ ’ਤੇ ਇਹ ਤਜਵੀਜ਼ ਕੀਤੀ ਜਾਂਦੀ ਹੈ ਕਿ ਤੁਸੀਂ ਭੋਜਨਾਂ ਦੇ ਵਿਚਕਾਰ ਆਇਰਨ ਲਓ ਪਰ ਜੇ ਇਸ ਨਾਲ ਤੁਹਾਡਾ ਪੇਟ ਖ਼ਰਾਬ ਹੁੰਦਾ ਹੈ ਤਾਂ ਇਸ ਨੂੰ ਸੌਣ ਤੋਂ ਪਹਿਲਾਂ ਹਲਕੇ ਭੋਜਨ ਜਾਂ ਸਨੈਕ ਦੇ ਨਾਲ ਲਓ। **ਇਹ ਬੇਹੱਦ ਜ਼ਰੂਰੀ ਹੈ ਕਿ ਤੁਸੀਂ ਆਇਰਨ ਅਤੇ ਕੈਲਸੀਅਮ ਇੱਕੋ ਸਮੇਂ ’ਤੇ ਨਾ ਲਓ। ਨਾਲ ਹੀ, ਮੂੰਹ ਰਾਹੀਂ ਲਏ ਜਾਣ ਵਾਲੇ ਆਇਰਨ ਨੂੰ ਚਾਹ ਜਾਂ ਕੌਫੀ ਨਾਲ ਲੈਣ ਤੋਂ ਪਰਹੇਜ਼ ਕਰੋ।**
- **ਆਇਰਨ ਸੂਕਰੋਜ਼ (Venofer® - ਵੈਨੋਫੇਰ) ਜਾਂ ਸੋਡੀਅਮ ਫੈਰਿੱਕ ਗਲੂਕੋਨੇਟ ਕੰਪਲੈਕਸ (Ferrlecit® - ਫੈਰਲੇਸਿਟ):** ਡਾਇਐਲਿਸਿਸ ਦੇ ਕਈ ਮਰੀਜ਼ਾਂ ਨੂੰ ਆਇਰਨ ਦੀ ਤੁਰੰਤ ਲੋੜ ਹੁੰਦੀ ਹੈ। ਤੁਹਾਡੀ ਹੋਮ ਟੀਮ ਇਹ ਨਿਰਣਾ ਲੈ ਸਕਦੀ ਹੈ ਕਿ ਤੁਹਾਨੂੰ ਆਈ.ਵੀ. (ਇੰਟ੍ਰਾਵੀਨਸ) ਆਇਰਨ ਦੀ ਲੋੜ ਹੈ। ਆਇਰਨ ਸਿੱਧਾ ਤੁਹਾਡੀਆਂ ਰਗਾਂ ਅੰਦਰ ਵਗਦੇ ਖ਼ੂਨ ਵਿੱਚ ਪਾਇਆ ਜਾਂਦਾ ਹੈ ਅਤੇ ਮੂੰਹ ਰਾਹੀਂ ਲਏ ਜਾਣ ਵਾਲੇ ਆਇਰਨ ਦੇ ਮੁਕਾਬਲੇ ਤੁਹਾਡਾ ਸਰੀਰ ਇਸ ਆਇਰਨ ਨੂੰ ਛੇਤੀ ਜਜ਼ਬ ਕਰ ਸਕਦਾ ਹੈ। ਜੇ ਤੁਹਾਨੂੰ ਆਈ.ਵੀ. ਰਾਹੀਂ ਆਇਰਨ ਦੀ ਲੋੜ ਪਵੇ ਤਾਂ ਤੁਹਾਡੀ ਸਿਖਲਾਈ ਨਰਸ ਵੱਲੋਂ ਤੁਹਾਨੂੰ ਦੱਸਿਆ ਜਾਵੇਗਾ ਕਿ ਡਾਇਐਲਿਸਿਸ ਦੌਰਾਨ ਅਜਿਹਾ ਕਿਵੇਂ ਕੀਤਾ ਜਾ ਸਕਦਾ ਹੈ।

## ਐਰਿਥਰੋਪੋਇਟਿਨ-ਈ.ਪੀ.ਓ. (EPREX® - ਐਪਰੈਕਸ ਅਤੇ ARANESP® - ਅਰੈਨਸਪ) Erythropoietin-EPO (EPREX® and ARANESP®)

ਸਿਹਤਮੰਦ ਗੁਰਦੇ ਇੱਕ ਹਾਰਮੋਨ ਉਤਪੰਨ ਕਰਦੇ ਹਨ ਜਿਹੜਾ ਤੁਹਾਡੀ ਬੋਨ ਮੈਰੋ ਨੂੰ ਖ਼ੂਨ ਦੇ ਲਾਲ ਸੈੱਲ ਬਣਾਉਣ ਦਾ ਸੰਕਤੇ ਦਿੰਦਾ ਹੈ। ਇਸ ਹਾਰਮੋਨ ਨੂੰ ਐਰਿਥਰੋਪੋਇਟਿਨ ਜਾਂ ਈ.ਪੀ.ਓ. ਕਿਹਾ ਜਾਂਦਾ ਹੈ। ਕਮਜ਼ੋਰ ਜਾਂ ਫੇਲ ਹੋ ਰਹੇ ਗੁਰਦੇ ਅਕਸਰ ਇੰਨਾ ਈ.ਪੀ.ਓ. ਨਹੀਂ ਬਣਾਉਂਦੇ ਜਿਸ ਨਾਲ ਤੁਹਾਡੇ ਖ਼ੂਨ ਦਾ ਪੱਧਰ ਠੀਕ ਰਹਿ ਸਕੇ ਅਤੇ ਇਸ ਦੇ ਨਤੀਜੇ ਵਜੋਂ ਖ਼ੂਨ ਦੇ ਲਾਲ ਸੈੱਲਾਂ ਵਿੱਚ ਕਮੀ ਆਉਂਦੀ ਹੈ। ਇਸ ਨੂੰ ***ਅਨੀਮੀਆ*** ਕਿਹਾ ਜਾਂਦਾ ਹੈ। ਗੁਰਦਿਆਂ ਦੇ ਕਈ ਮਰੀਜ਼ਾਂ ਨੂੰ ਇੱਕ ਦਵਾਈ ਲੈਣੀ ਪੈਂਦੀ ਹੈ ਜਿਹੜੀ ਐਰਿਥਰੋਪੋਇਟਿਨ ਦੇ ਆਮ ਉਤਪਾਦਨ ਦੀ ਥਾਂ ਲੈਂਦੀ ਹੈ। ਇਸ ਦਵਾਈ ਨਾਲ ਤੁਹਾਡੇ ਖ਼ੂਨ ਦੇ ਲਾਲ ਸੈੱਲਾਂ ਦਾ ਉਤਪਾਦਨ ਵਧਦਾ ਹੈ ਅਤੇ ਤੁਹਾਡੇ ਵਿੱਚ ਜ਼ਿਆਦਾ ਊਰਜਾ ਹੁੰਦੀ ਹੈ।

ਈ.ਪੀ.ਓ. ਮਹੱਤਵਪੂਰਨ ਹੈ ਕਿਉਂਕਿ ਇਸ ਨਾਲ:

- ਖ਼ੂਨ ਦੇ ਲਾਲ ਸੈੱਲਾਂ ਦਾ ਉਤਪਾਦਨ ਵਧਦਾ ਹੈ
- ਹੀਮੋਗਲੋਬਿਨ ਵਧਦਾ ਹੈ
- ਊਰਜਾ ਵਿੱਚ ਸੁਧਾਰ ਆਉਂਦਾ ਹੈ

ਈ.ਪੀ.ਓ. ਦਾ ਟੀਕਾ ਲਗਾਉਣਾ ਪੈਂਦਾ ਹੈ – ਇਹ ਗੋਲ਼ੀ ਦੀ ਸ਼ਕਲ ਵਿੱਚ ਨਹੀਂ ਮਿਲਦਾ। ਤੁਹਾਨੂੰ ਈ.ਪੀ.ਓ. ਦਾ ਟੀਕਾ ਚਮੜੀ ਦੀ ਅੰਦਰਲੀ ਪਰਤ ਵਿੱਚ (ਸਬ-ਕਿਊਟੇਨੀਅਸ ਭਾਵ ਐੱਸ.ਕਿਊ.) ਜਾਂ ਨਾੜ ਰਾਹੀਂ (ਇੰਟ੍ਰਾਵੀਨਸ ਭਾਵ ਆਈ.ਵੀ.) ਲਗਾਉਣ ਬਾਰੇ ਸਿਖਲਾਈ ਦਿੱਤੀ ਜਾ ਸਕਦੀ ਹੈ।

### ਆਪਣੀ ਈ.ਪੀ.ਓ. ਦੀ ਖ਼ੁਰਾਕ ਨੂੰ ਲੋੜ ਮੁਤਾਬਕ ਬਦਲਣਾ Adjusting your EPO dose

ਤੁਹਾਡੇ ਹੀਮੋਗਲੋਬਿਨ ਦਾ ਸੁਰੱਖਿਅਤ ਹੱਦ ਵਿੱਚ ਹੋਣਾ ਯਕੀਨੀ ਬਣਾਉਣ ਲਈ ਤੁਹਾਡੇ ਖ਼ੂਨ ਦੀ ਬਾਕਾਇਦਾ ਜਾਂਚ ਕਰਨ ਦੀ ਲੋੜ ਪਵੇਗੀ। ਨਾਲ ਹੀ, ਤੁਹਾਡੇ ਸਰੀਰ ਵਿੱਚ ਆਇਰਨ ਦੇ ਪੱਧਰ ਦੀ ਵੀ ਨਿਗਰਾਨੀ ਕੀਤੀ ਜਾਵੇਗੀ – ਇਹ ਦੋਵੇਂ ਦਵਾਈਆਂ ਖ਼ੂਨ ਦੇ ਲਾਲ ਸੈੱਲ ਬਣਾਉਣ ਲਈ ਰਲ਼ ਕੇ ਕੰਮ ਕਰਦੀਆਂ ਹਨ। ਜਦੋਂ ਤੁਹਾਡਾ ਡਾਕਟਰ ਤੁਹਾਡੇ ਹੀਮੋਗਲੋਬਿਨ ਅਤੇ ਆਇਰਨ ਦੇ ਪੱਧਰ ਤੋਂ ਸੰਤੁਸ਼ਟ ਹੋਵੇ, ਉਹ ਤੁਹਾਨੂੰ ਦੱਸਣਗੇ ਕਿ ਤੁਹਾਨੂੰ ਕਿੰਨੀ Eprex®/ Aranesp® ਦੀ ਲੋੜ ਹੈ। ਇਹ ਪੱਧਰ ਉੱਤੇ-ਥੱਲੇ ਹੁੰਦਾ ਰਹਿੰਦਾ ਹੈ ਇਸ ਲਈ ਤੁਹਾਡੀ ਕਲੀਨਿਕ ਦੀ ਹਰ ਫੇਰੀ ਸਮੇਂ ਇਸ ਬਾਰੇ ਗੱਲ ਕੀਤੀ ਜਾਵੇਗੀ।

### EPREX® (ਐਪਰੈਕਸ) ਅਤੇ ARANESP® (ਅਰਾਨੈਸਪ) ਬਾਰੇ ਯਾਦ ਰੱਖਣਯੋਗ ਗੱਲਾਂ Things to remember about EPREX® and ARANESP®

- EPREX® (ਐਪਰੈਕਸ) ਅਤੇ ARANESP® (ਅਰਾਨੈਸਪ) ਨੂੰ ਹਮੇਸ਼ਾ ਫਰਿੱਜ ਵਿੱਚ ਰੱਖੋ।
- EPREX® ਅਤੇ ARANESP® ਪਹਿਲਾਂ ਤੋਂ ਹੀ ਭਰੀਆਂ ਹੋਈਆਂ ਸਰਿੰਜਾਂ ਵਿੱਚ ਆਉਂਦੀਆਂ ਹਨ।
- ਯਾਤਰਾ ਕਰਦੇ ਹੋਏ ਆਪਣੀ EPREX®, ਜਾਂ ARANESP®, ਨੂੰ ਰੱਖਣ ਲਈ ਨਾਲ ਇੱਕ 'ਕੋਲਡ ਪੈਕ' ਰੱਖੋ ਅਤੇ ਜਿੰਨੀ ਛੇਤੀ ਹੋ ਸਕੇ ਫਰਿੱਜ ਅੰਦਰ ਰੱਖੋ।
- ਦਵਾਈਆਂ ਨੂੰ ਸਿੱਧੀ ਰੌਸ਼ਨੀ ਤੋਂ ਪਰ੍ਹੇ ਰੱਖੋ।
- ਇਨ੍ਹਾਂ ਨੂੰ ਹਿਲਾਓ ਨਹੀਂ।
- ਜੇ ਦਵਾਈ ਐਕਸਪਾਇਰ ਹੋਈ ਹੋਵੇ, ਗੰਧਲੀ ਹੋਵੇ, ਰੰਗ ਉੱਡਿਆ ਹੋਵੇ ਜਾਂ ਜੇ ਇਸ ਨੂੰ ਪਹਿਲਾਂ ਫਰੀਜ਼ ਕੀਤਾ ਗਿਆ ਸੀ ਜਾਂ ਇਸ ਨੂੰ ਫਰਿੱਜ ਤੋਂ ਬਾਹਰ ਰੱਖਿਆ ਗਿਆ ਸੀ ਤਾਂ ਇਸ ਨੂੰ ਇਸਤੇਮਾਲ ਨਾ ਕਰੋ।

## ਬਲੱਡ ਪ੍ਰੈਸ਼ਰ ਦੀਆਂ ਦਵਾਈਆਂ Blood pressure medications

ਬਲੱਡ ਪ੍ਰੈਸ਼ਰ, ਜਾਂ ਐਂਟੀ ਹਾਈਪਰਟੈਨਸਿਵ ਦਵਾਈਆਂ, ਵਧੇ ਹੋਏ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਸਹਾਈ ਹੁੰਦੀਆਂ ਹਨ। ਕੁਝ ਦਵਾਈਆਂ ਖ਼ੂਨ ਦੀਆਂ ਨਾੜਾਂ ਨੂੰ ਰਾਹਤ ਦਿੰਦੀਆਂ ਹਨ, ਕੁਝ ਦਵਾਈਆਂ ਖ਼ੂਨ ਦੀਆਂ ਨਾੜਾਂ ਨੂੰ ਤੰਗ ਕਰਨ ਵਾਲੇ ਕੈਮੀਕਲਾਂ ਨੂੰ ਰੋਕਦੀਆਂ ਹਨ ਅਤੇ ਕੁਝ ਦਵਾਈਆਂ ਖ਼ੂਨ ਵਿੱਚੋਂ ਵਾਧੂ ਤਰਲ ਨੂੰ ਕੱਢਦੀਆਂ ਹਨ।

ਤੁਹਾਡੇ ਡਾਕਟਰ ਵੱਲੋਂ ਤੁਹਾਡੇ ਲਈ ਸਭ ਤੋਂ ਵੱਧ ਢੁਕਵੀਂ ਦਵਾਈ ਤਜਵੀਜ਼ ਕੀਤੀ ਜਾਵੇਗੀ। ਹੋ ਸਕਦਾ ਹੈ ਕਿ ਸਮੇਂ ਦੇ ਨਾਲ ਤੁਹਾਡੀਆਂ ਦਵਾਈਆਂ ਅਤੇ ਦਵਾਈਆਂ ਦੀਆਂ ਖੁਰਾਕਾਂ ਵਿੱਚ ਤਬਦੀਲੀ ਆਵੇ, ਇਸ ਲਈ ਤੁਹਾਡੇ ਡਾਕਟਰ ਅਤੇ ਸਿਹਤ ਸੰਭਾਲ ਟੀਮ ਵੱਲੋਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।

### ਬਲੱਡ ਪ੍ਰੈਸ਼ਰ ਦੀਆਂ ਦਵਾਈਆਂ ਲੈਂਦੇ ਹੋਏ ਧਿਆਨ ਦੇਣ ਯੋਗ ਲੱਛਣ: Symptoms to be aware of when on blood pressure medications

**ਚੱਕਰ ਆਉਣੇ**: ਆਪਣੇ ਬਲੱਡ ਪ੍ਰੈਸ਼ਰ ਦੀ ਜਾਂਚ ਕਰੋ ਅਤੇ ਜੇ ਤੁਹਾਨੂੰ ਚੱਕਰ ਆਉਣ ਤਾਂ ਆਪਣੀ ਨਰਸ ਨੂੰ ਸੂਚਿਤ ਕਰੋ।

**ਤੁਹਾਡਾ ਬੀ.ਪੀ. ਇੰਨਾ ਕੁ ਹੋਣਾ ਚਾਹੀਦਾ ਹੈ:** ______________________________

**ਖੰਘ**: ਕੁਝ ਦਵਾਈਆਂ ਕਾਰਣ ਖੁਸ਼ਕ ਖੰਘ ਆ ਸਕਦੀ ਹੈ। ਜੇ ਅਜਿਹਾ ਹੋਵੇ ਤਾਂ ਆਪਣੀ ਨਰਸ ਜਾਂ ਡਾਕਟਰ ਨੂੰ ਸੂਚਿਤ ਕਰੋ।

**ਦਿਲ ਦੀ ਧੜਕਣ ਧੀਮੀ ਹੋਣੀ**: ਬੀ.ਪੀ. ਦੀਆਂ ਕੁਝ ਦਵਾਈਆਂ ਤੁਹਾਡੇ ਦਿਲ ਦੀ ਧੜਕਣ ਨੂੰ ਹੌਲਾ ਕਰ ਦਿੰਦੀਆਂ ਹਨ। ਜੇ ਤੁਹਾਡਾ ਦਿਲ ਇੱਕ ਮਿੰਟ ਵਿੱਚ 50 ਤੋਂ ਘੱਟ ਵਾਰੀ ਧੜਕੇ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਸੂਚਿਤ ਕਰੋ।

## ਗਤਲਾ ਵਿਰੋਧੀ ਦਵਾਈਆਂ - ਹੈਪੇਰਿਨ Anticoagulants — heparin

ਹੈਪੇਰਿਨ ਦਵਾਈਆਂ ਦੀ ਉਸ ਸ਼੍ਰੇਣੀ ਵਿੱਚ ਸ਼ਾਮਲ ਹੈ ਜਿਸ ਨੂੰ ਐਂਟੀਕੋਐਗੂਲੈਂਟ (ਗਤਲਾ ਵਿਰੋਧੀ) ਕਿਹਾ ਜਾਂਦਾ ਹੈ। ਗਤਲਾ ਵਿਰੋਧੀ ਹੋਰ ਦਵਾਈਆਂ ਵਿੱਚ ਵਾਰਫ਼ਰਿਨ, ਕੂਮਾਡੀਨ, ਪਲੈਵਿਕਸ ਅਤੇ ਐਂਟਰਿਕ ਦੀ ਪਰਤ ਵਾਲੀ ਐਸਪ੍ਰਿਨ ਸ਼ਾਮਲ ਹਨ। ਇਹ ਦਵਾਈਆਂ ਖ਼ੂਨ ਦਾ ਗਤਲਾ ਬਣਨ ਤੋਂ ਰੋਕਦੀਆਂ ਹਨ ਅਤੇ ਵੱਖ-ਵੱਖ ਮੈਡੀਕਲ ਹਾਲਾਤ ਵਿੱਚ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਹੀਮੋਡਾਇਐਲਿਸਿਸ ਦੌਰਾਨ ਤੁਹਾਡਾ ਖ਼ੂਨ ਕਈ ਵੱਖ-ਵੱਖ ਟਿਊਬਾਂ ਅਤੇ ਫਿਲਟਰਾਂ ਵਿੱਚੋਂ ਨਿਕਲਦਾ ਹੈ ਜਿਸ ਕਾਰਣ ਖ਼ੂਨ ਦੇ ਗਤਲੇ ਬਣਨ ਦੇ ਕਈ ਆਸਾਰ ਪੈਦਾ ਹੋ ਜਾਂਦੇ ਹਨ। ਡਾਇਐਲਿਸਿਸ ਦੌਰਾਨ ਖ਼ੂਨ ਦੇ ਗਤਲੇ ਬਣਨ ਤੋਂ ਬਚਾਅ ਲਈ ਹੈਪੇਰਿਨ ਇਸਤੇਮਾਲ ਕੀਤੀ ਜਾਂਦੀ ਹੈ। ਹੈਪੇਰਿਨ ਦਾ ਮਕਸਦ ਹੁੰਦਾ ਹੈ ਇਸ ਦੀ ਸਹੀ ਮਿਕਦਾਰ ਹੀ ਇਸਤੇਮਾਲ ਕਰਨੀ।

ਲੋੜ ਨਾਲੋਂ ਵੱਧ ਹੈਪੇਰਿਨ ਦਾ ਮਤਲਬ ਹੈ ਕਿ ਤੁਹਾਡਾ ਜ਼ਿਆਦਾ ਖ਼ੂਨ ਵਗ ਸਕਦਾ ਹੈ। ਲੋੜ ਨਾਲੋਂ ਘੱਟ ਹੈਪੇਰਿਨ ਦਾ ਮਤਲਬ ਹੈ ਕਿ ਡਾਇਐਲਿਸਿਸ ਦੌਰਾਨ ਤੁਹਾਡੇ ਖ਼ੂਨ ਦੇ ਗਤਲੇ ਬਣ ਜਾਣਗੇ।

### ਹੈਪੇਰਿਨ ਬਾਰੇ ਯਾਦ ਰੱਖਣਯੋਗ ਗੱਲਾਂ Things to remember about heparin

- ਜੇ ਤੁਹਾਡਾ ਕੋਈ ਮੈਡੀਕਲ ਪ੍ਰੋਸੀਜਰ, ਸਰਜਰੀ ਹੋਣੀ ਹੈ ਜਾਂ ਤੁਸੀਂ ਦੰਦਾਂ ਦੇ ਇਲਾਜ ਲਈ ਅਪੌਇੰਟਮੈਂਟ 'ਤੇ ਜਾਣਾ ਹੈ ਤਾਂ ਆਪਣੀ ਸਿਹਤ ਦੇਖਭਾਲ ਟੀਮ ਨੂੰ ਸੂਚਿਤ ਕਰ ਕੇ ਪਤਾ ਕਰੋ ਕਿ ਕੀ ਤੁਹਾਨੂੰ ਆਪਣੇ ਪ੍ਰੋਸੀਜਰ ਤੋਂ ਪਹਿਲਾਂ ਜਾਂ ਬਾਅਦ ਵਿੱਚ ਆਪਣੀ ਹੈਪੇਰਿਨ ਦੀ ਖ਼ੁਰਾਕ ਵਿੱਚ ਤਬਦੀਲੀ ਕਰਨ ਦੀ ਲੋੜ ਹੈ ਜਾਂ ਨਹੀਂ।
- ਜੇ ਤੁਹਾਡੇ ਬਹੁਤ ਆਸਾਨੀ ਨਾਲ ਰਗੜਾਂ ਲੱਗ ਰਹੀਆਂ ਹਨ ਤਾਂ ਆਪਣੀ ਨਰਸ ਜਾਂ ਡਾਕਟਰ ਨੂੰ ਸੂਚਿਤ ਕਰੋ। ਜੇ ਤੁਹਾਡੇ ਕੋਈ ਵੀ ਦਰਦ ਹੋਵੇ ਤਾਂ ਅਸੀਟਾਮਿਨੋਫਿਨ ਜਾਂ ਟਾਇਲਨੌਲ ਲਓ। ਆਇਬੂਪ੍ਰੋਫਿਨ ਅਤੇ ਐਸਪ੍ਰਿਨ ਜਿਹੀਆਂ ਦਰਦ ਨਿਵਰਾਕ ਦਵਾਈਆਂ ਤੋਂ ਪਰਹੇਜ਼ ਕਰੋ ਕਿਉਂਕਿ ਇਹ ਵੀ ਤੁਹਾਡੇ ਖ਼ੂਨ ਦਾ ਗਤਲਾ ਬਣਨ ਤੋਂ ਰੋਕਦੀਆਂ ਹਨ।

### ਲੋੜ ਨਾਲੋਂ ਵੱਧ ਹੈਪੇਰਿਨ ਦੇ ਸੰਕੇਤ Signs of too much heparin

- ਡਾਇਐਲਿਸਿਸ ਟ੍ਰੀਟਮੈਂਟ ਤੋਂ ਬਾਅਦ ਡੂੰਘੀਆਂ ਰਗੜਾਂ ਲਗਣੀਆਂ।
- ਜਿਹੜੀਆਂ ਥਾਵਾਂ 'ਤੇ ਸੂਈ ਲਗਾਈ ਗਈ ਸੀ, ਟ੍ਰੀਟਮੈਂਟ ਤੋਂ ਬਾਅਦ ਉੱਥੋਂ ਖ਼ੂਨ ਨਿਕਲਣਾ ਬੰਦ ਹੋਣ ਵਿੱਚ 15 ਮਿੰਟ ਤੋਂ ਵੱਧ ਸਮਾਂ ਲੱਗ ਸਕਦਾ ਹੈ।
- ਅਸਾਧਾਰਨ ਢੰਗ ਨਾਲ ਖ਼ੂਨ ਵਗਣਾ, ਜਿਵੇਂ ਕਿ ਨਕਸੀਰ ਫੁੱਟਣੀ ਜਾਂ ਮਸੂੜ੍ਹਿਆਂ ਵਿੱਚੋਂ ਖ਼ੂਨ ਵਗਣਾ।

### ਲੋੜ ਨਾਲੋਂ ਘੱਟ ਹੈਪੇਰਿਨ ਦੇ ਸੰਕੇਤ Signs of too little heparin

- ਡਾਇਐਲਿਸਿਸ ਤੋਂ ਬਾਅਦ ਡਾਇਲਾਈਜ਼ਰ ਵਿੱਚ ਖ਼ੂਨ ਦਾ ਗਤਲਾ ਬਣ ਜਾਣਾ।
- ਨਾੜ ਦੇ ਡ੍ਰਿੱਪ ਚੇਂਬਰ ਵਿੱਚ ਖ਼ੂਨ ਦੇ ਗਤਲੇ ਨਜ਼ਰ ਆਉਣੇ।
- ਤੁਹਾਡਾ ਡਾਇਆਲਾਈਜ਼ਰ 2 ਜਾਂ ਉਸ ਤੋਂ ਵੱਧ ਆਂਕਿਆ ਗਿਆ ਹੈ।

## ਥਰੌਮਬੌਲੀਟਿਕ ਦਵਾਈਆਂ (ਟੀ-ਪੀ.ਏ. ਜਾਂ Cathflo® - ਕੈਥਫਲੋ) Thrombolytic Medications (t-PA or Cathflo®)

ਹੀਮੋਡਾਇਐਲਿਸਿਸ ਵਾਲੇ ਕੈਥੇਟਰ ਦੇ ਅੰਦਰ ਜਾਂ ਉਸ ਦੇ ਸਿਰੇ ਦੇ ਆਲੇ-ਦੁਆਲੇ ਖ਼ੂਨ ਦੇ ਗਤਲੇ ਜਾਂ ਫਿਬਰਿਨ ਸ਼ੀਥ ਬਣਨੀ ਕੈਥੇਟਰ ਨਾਲ ਸੰਬੰਧਤ ਸਮੱਸਿਆਵਾਂ ਦਾ ਵੱਡਾ ਕਾਰਣ ਹੈ। ਗਤਲੇ ਬਣਨ ਨਾਲ ਡਾਇਐਲਿਸਿਸ ਦੌਰਾਨ ਖ਼ੂਨ ਦਾ ਵਹਾਓ ਹੌਲੀ ਹੋ ਜਾਂਦਾ ਹੈ ਜਾਂ ਰੁਕ ਜਾਂਦਾ ਹੈ। ਥਰੌਮਬੌਲੀਟਿਕ ਦਵਾਈਆਂ ਨਾਲ ਖ਼ੂਨ ਦੇ ਗਤਲੇ ਅਤੇ ਫਿਬਰਿਨ ਘੁਲ਼ ਜਾਂਦੇ ਹਨ। ਹੋਰ ਹਿਦਾਇਤਾਂ ਲਈ ਟੀ-ਪੀ.ਏ. ਪ੍ਰੋਟੋਕੋਲ ਦੇਖੋ।

## ਐਂਟੀਬਾਇਓਟਿਕ Antibiotics

ਐਂਟੀਬਾਇਓਟਿਕ ਉਹ ਦਵਾਈਆਂ ਹੁੰਦੀਆਂ ਹਨ ਜਿਹੜੀਆਂ ਬੈਕਟੀਰੀਆ ਕਾਰਣ ਹੋਈਆਂ ਇਨਫੈਕਸ਼ਨਾਂ ਨਾਲ ਲੜਨ ਵਿੱਚ ਮਦਦ ਕਰਦੀਆਂ ਹਨ। ਨਾੜ ਰਾਹੀਂ ਬਣੀ ਪਹੁੰਚ ਜਾਂ ਕਿਸੇ ਵੀ ਹੋਰ ਸੱਟ ਤੋਂ ਬੈਕਟੀਰੀਆ ਤੁਹਾਡੇ ਸਰੀਰ ਅੰਦਰ ਦਾਖ਼ਲ ਹੋ ਸਕਦਾ ਹੈ। ਛਾਤੀ ਦੀਆਂ ਇਨਫੈਕਸ਼ਨਾਂ ਅਤੇ ਪਿਸ਼ਾਬ ਦੇ ਮਾਰਗ ਨਾਲ ਸੰਬੰਧਤ ਇਨਫੈਕਸ਼ਨਾਂ (ਯੂ.ਟੀ.ਆਈ.) ਵੀ ਕੁਝ ਆਮ ਥਾਵਾਂ ਹਨ ਜਿੱਥੇ ਇਨਫੈਕਸ਼ਨ ਹੋ ਸਕਦੀ ਹੈ।

ਐਂਟੀਬਾਇਓਟਿਕਾਂ ਦੀਆਂ ਕਈ ਵੱਖ-ਵੱਖ ਕਿਸਮਾਂ ਹੁੰਦੀਆਂ ਹਨ ਅਤੇ ਹਰ ਕਿਸਮ ਇੱਕ ਵੱਖ ਕਿਸਮ ਦੇ ਬੈਕਟੀਰੀਆ ਨੂੰ ਮਾਰਦੀ ਹੈ। ਆਪਣੇ ਸਰੀਰ ਵਿੱਚ ਵਧ ਰਹੇ ਬੈਕਟੀਰੀਆ ਦੀ ਸਹੀ ਕਿਸਮ ਬਾਰੇ ਜਾਣਨ ਲਈ ਇਨਫੈਕਸ਼ਨ ਵਾਲੀ ਥਾਂ ਤੋਂ ਇੱਕ ਸੈਂਪਲ ਲੈ ਕੇ ਲੈਬੌਰੇਟਰੀ ਵਿੱਚ ਭੇਜਣਾ ਪੈਂਦਾ ਹੈ।

### ਐਂਟੀਬਾਇਓਟਿਕਾਂ ਬਾਰੇ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ: Things you should know about antibiotics:

- ਤੁਹਾਨੂੰ ਹਮੇਸ਼ਾ ਟ੍ਰੀਟਮੈਂਟ ਪੂਰਾ ਕਰਨਾ ਚਾਹੀਦਾ ਹੈ। ਜਦੋਂ ਤੁਸੀਂ ਬਿਹਤਰ ਮਹਿਸੂਸ ਕਰਨਾ ਸ਼ੁਰੂ ਕਰੋ ਉਦੋਂ ਐਂਟੀਬਾਇਓਟਿਕ ਲੈਣਾ ਬੰਦ ਨਾ ਕਰੋ। ਐਂਟੀਬਾਇਓਟਿਕ ਛੇਤੀ ਬੰਦ ਕਰਨ ਨਾਲ ਬੈਕਟੀਰੀਆ ਹੋਰ ਸ਼ਕਤੀਸ਼ਾਲੀ ਹੋ ਸਕਦਾ ਹੈ ਜਿਸ ਉੱਪਰ ਐਂਟੀਬਾਇਓਟਿਕ ਵੀ ਬੇਅਸਰ ਹੁੰਦੇ ਹਨ। ਮਤਲਬ ਕਿ ਐਂਟੀਬਾਇਓਟਿਕ ਇਸ ਸ਼ਕਤੀਸ਼ਾਲੀ ਬੈਕਟੀਰੀਆ ਨੂੰ ਮਾਰ ਨਹੀਂ ਸਕਦੇ, ਜਿਸ ਕਾਰਣ ਅਸਰਦਾਰ ਐਂਟੀਬਾਇਓਟਿਕ ਲੱਭਣਾ ਮੁਸ਼ਕਲ ਹੋ ਜਾਂਦਾ ਹੈ।

- ਜੇ ਤੁਹਾਨੂੰ ਕੋਈ ਗੰਭੀਰ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਨਾ ਪਵੇ ਜਿਵੇਂ ਕਿ ਧੱਫੜ, ਚਿਹਰੇ ਦੇ ਆਲੇ-ਦੁਆਲੇ ਸੋਜਿਸ਼ ਜਾਂ ਸਾਹ ਚੜ੍ਹਨਾ ਤਾਂ ਐਂਟੀਬਾਇਓਟਿਕ ਲੈਣਾ ਤੁਰੰਤ ਬੰਦ ਕਰੋ, 911 'ਤੇ ਫੋਨ ਕਰੋ ਅਤੇ ਤੁਰੰਤ ਆਪਣੇ ਨੇੜਲੇ ਹਸਪਤਾਲ ਵਿਖੇ ਜਾਓ। ਜੇ ਤੁਸੀਂ ਕੋਈ ਅਜਿਹੇ ਐਂਟੀਬਾਇਓਟਿਕ ਲੈ ਰਹੇ ਹੋ ਜਿਨ੍ਹਾਂ ਨੂੰ ਲੈਣ ਲਈ ਤੁਹਾਡੇ ਫੈਮਲੀ ਡਾਕਟਰ ਜਾਂ ਸਪੈਸ਼ਲਿਸਟ ਸਮੇਤ ਕਿਸੇ ਡਾਕਟਰ ਵੱਲੋਂ ਆਦੇਸ਼ ਨਹੀਂ ਦਿੱਤਾ ਗਿਆ ਤਾਂ ਆਪਣੀ ਗੁਰਦਾ ਦੇਖਭਾਲ ਟੀਮ ਨੂੰ ਦੱਸੋ।
- ਮੂੰਹ ਰਾਹੀਂ ਲਏ ਜਾਣ ਵਾਲੇ ਕੁਝ ਐਂਟੀਬਾਇਓਟਿਕਾਂ ਕਾਰਣ ਜੀਅ ਕੱਚਾ ਹੋ ਸਕਦਾ ਹੈ। ਮੂੰਹ ਰਾਹੀਂ ਲਏ ਜਾਣ ਵਾਲੇ ਐਂਟੀਬਾਇਓਟਿਕ ਲੈਣ ਦੇ ਸਹੀ ਸਮੇਂ ਸੰਬੰਧੀ ਸੁਝਾਵਾਂ ਬਾਰੇ ਆਪਣੇ ਫਾਰਮਾਸਿਸਟ ਨਾਲ ਗੱਲ ਕਰੋ।
- ਤੁਹਾਡੇ ਐਂਟੀਬਾਇਓਟਿਕਾਂ ਕਾਰਣ ਜੇ ਤੁਹਾਨੂੰ ਦਸਤ ਲੱਗ ਜਾਣ ਤਾਂ ਆਪਣੀ ਸਿਹਤ ਸੰਭਾਲ ਟੀਮ ਨੂੰ ਸੂਚਿਤ ਕਰੋ।

## ਫਾਸਫੋਰਸ ਬਾਇੰਡਰਜ਼ Phosphorus binders

ਜਦੋਂ ਤੁਹਾਡੇ ਗੁਰਦੇ ਠੀਕ ਕੰਮ ਕਰਦੇ ਹਨ, ਉਦੋਂ ਤੁਹਾਡੇ ਖ਼ੂਨ ਵਿੱਚੋਂ ਫਾਲਤੂ ਫਾਸਫੋਰਸ ਕੱਢ ਕੇ ਉਸ ਨੂੰ ਤੁਹਾਡੇ ਪਿਸ਼ਾਬ ਰਾਹੀਂ ਸਰੀਰ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਜਦੋਂ ਗੁਰਦੇ ਕੰਮ ਕਰਨਾ ਬੰਦ ਕਰ ਦੇਣ ਉਦੋਂ ਕੈਲਸੀਅਮ ਅਤੇ ਫਾਸਫੋਰਸ ਦੇ ਪੱਧਰ ਦਾ ਸੰਤੁਲਨ ਵਿਗੜ ਸਕਦਾ ਹੈ। ਤੁਹਾਡੇ ਵੱਲੋਂ ਖਾਧੇ ਭੋਜਨਾਂ ਕਾਰਣ ਜਦੋਂ ਤੁਹਾਡੇ ਖ਼ੂਨ ਵਿੱਚ ਫਾਸਫੋਰਸ ਦਾ ਪੱਧਰ ਵਧਣ ਲੱਗਦਾ ਹੈ, ਉਦੋਂ ਇਸ ਦੀ ਭਰਪਾਈ ਲਈ ਤੁਹਾਡਾ ਸਰੀਰ ਪੈਰਾਥਾਇਰੌਇਡ ਹਾਰਮੋਨ ਬਣਾਉਂਦਾ ਹੈ। ਪੈਰਾਥਾਇਰੌਇਡ ਤੁਹਾਡੀਆਂ ਹੱਡੀਆਂ ਵਿੱਚੋਂ ਕੈਲਸੀਅਮ ਖਿੱਚ ਕੇ ਵਾਧੂ ਫਾਸਫੋਰਸ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰੇਗਾ।

ਸਮੇਂ ਦੇ ਨਾਲ-ਨਾਲ ਇਸ ਕਾਰਣ ਤੁਹਾਡੀਆਂ ਹੱਡੀਆਂ ਕਮਜ਼ੋਰ ਹੋ ਜਾਣਗੀਆਂ ਅਤੇ ਹੱਡੀਆਂ ਵਿੱਚੋਂ "ਖੁਰਿਆ" ਕੈਲਸੀਅਮ ਤੁਹਾਡੇ ਜੋੜਾਂ, ਖ਼ੂਨ ਦੀਆਂ ਨਲੀਆਂ ਅਤੇ ਤੁਹਾਡੇ ਦਿਲ ਵਿੱਚ ਪਹੁੰਚ ਜਾਵੇਗਾ। ਇਸ ਸਭ ਤੋਂ ਬਚਾਅ ਲਈ ਤੁਹਾਨੂੰ ਫਾਸਫੋਰਸ ਬਾਇੰਡਰਜ਼ ਲੈਣ ਲਈ ਕਿਹਾ ਜਾ ਸਕਦਾ ਹੈ। ਫਾਸਫੋਰਸ ਬਾਇੰਡਰਜ਼ (ਜਿਨ੍ਹਾਂ ਨੂੰ ਫੌਸਫੇਟ ਬਾਇੰਡਰਜ਼ ਜਾਂ ਸਿਰਫ਼ "ਬਾਇੰਡਰਜ਼" ਹੀ ਕਿਹਾ ਜਾਂਦਾ ਹੈ) ਤੁਹਾਡੇ ਭੋਜਨ ਨਾਲ ਫਾਸਫੋਰਸ ਨੂੰ ਸੰਮਲਿਤ ਕਰ ਕੇ ਜਾਂ ਜੋੜ ਕੇ ਕੰਮ ਕਰਦੇ ਹਨ ਤਾਂ ਕਿ ਇਸ ਨੂੰ ਤੁਹਾਡੀ ਟੱਟੀ ਰਾਹੀਂ ਬਾਹਰ ਕੱਢਿਆ ਜਾ ਸਕੇ।

ਫਾਸਫੋਰਸ ਬਾਇੰਡਰਜ਼ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿੱਚ ਕੈਲਸੀਅਮ ਕਾਰਬੋਨੇਟ, ਕੈਲਸੀਅਮ ਐਸਟੇਟ, ਸਵੈਲਾਮੇਰ ਅਤੇ ਲੈਂਥਾਨਮ ਕਾਰਬੋਨੇਟ ਸ਼ਾਮਲ ਹਨ। ਤੁਹਾਡੇ ਡਾਕਟਰ ਵੱਲੋਂ ਤੁਹਾਡੇ ਲਈ ਸਭ ਤੋਂ ਢੁਕਵੀਂ ਕਿਸਮ ਤਜਵੀਜ਼ ਕੀਤੀ ਜਾਵੇਗੀ।

**ਫਾਸਫੋਰਸ ਬਾਇੰਡਰਜ਼ ਬਾਰੇ ਉਹ ਗੱਲਾਂ ਜੋ ਤੁਹਾਨੂੰ ਪਤਾ ਹੋਣੀਆਂ ਚਾਹੀਦੀਆਂ ਹਨ:**
**Things you should know about phosphorus binders:**

- ਫਾਸਫੋਰਸ ਬਾਇੰਡਰਜ਼ ਸਿਰਫ਼ ਉਦੋਂ ਹੀ ਅਸਰਦਾਰ ਹੁੰਦੇ ਹਨ ਜਦੋਂ ਤੁਸੀਂ ਇਨ੍ਹਾਂ ਨੂੰ ਭੋਜਨ ਖਾਣ ਤੋਂ ਪਹਿਲਾਂ ਲੈਂਦੇ ਹੋ।
- ਫਾਸਫੋਰਸ ਬਾਇੰਡਰਜ਼ ਤੁਹਾਡੇ ਖ਼ੂਨ ਦੀ ਜਾਂਚ ਦੇ ਨਤੀਜਿਆਂ ਦੇ ਆਧਾਰ ’ਤੇ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਢਾਲੇ ਹੋਏ ਹੁੰਦੇ ਹਨ। ਖ਼ੁਰਾਕ ਸੰਬੰਧੀ ਆਪਣੀਆਂ ਵਿਸ਼ੇਸ਼ ਲੋੜਾਂ ਬਾਰੇ ਆਪਣੇ ਡਾਕਟਰ ਜਾਂ ਡਾਈਟੀਸ਼ੀਅਨ ਨਾਲ ਬਾਕਾਇਦਾ ਗੱਲ ਕਰੋ।

## ਦਰਦ ਤੋਂ ਰਾਹਤ ਲਈ ਦਵਾਈ Pain medication

ਦਰਦ ਦੀਆਂ ਵੱਖ-ਵੱਖ ਕਿਸਮਾਂ ਲਈ ਵੱਖ-ਵੱਖ ਦਵਾਈਆਂ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ ਅਤੇ ਹਰ ਦਵਾਈ ਵਿਅਕਤੀ ਨੂੰ ਵਖਰੇ ਢੰਗ ਨਾਲ ਪ੍ਰਭਾਵਿਤ ਕਰੇਗੀ। ਦਰਦ ਦੀਆਂ ਦਵਾਈਆਂ ਦੀਆਂ ਕਈ ਕਿਸਮਾਂ ਤੁਹਾਡੇ ਗੁਰਦਿਆਂ ਰਾਹੀਂ ਫਿਲਟਰ ਹੁੰਦੀਆਂ ਹਨ; ਇਸ ਲਈ ਗੁਰਦਿਆਂ ਨਾਲ ਸੰਬੰਧਤ ਰੋਗਾਂ ਵਾਲੇ ਵਿਅਕਤੀਆਂ ਨੂੰ ਵਿਸ਼ੇਸ਼ ਧਿਆਨ ਦੀ ਲੋੜ ਪਵੇਗੀ। ਜੇ ਤੁਹਾਡੇ ਗੁਰਦਿਆਂ ਦੇ ਮਾਹਰ ਡਾਕਟਰ ਤੋਂ ਇਲਾਵਾ ਕਿਸੇ ਹੋਰ ਡਾਕਟਰ ਵੱਲੋਂ ਦਰਦ ਨਿਵਾਰਕ ਦਵਾਈ ਤਜਵੀਜ਼ ਕੀਤੀ ਗਈ ਹੈ ਤਾਂ ਉਹ ਲੈਣ ਤੋਂ ਪਹਿਲਾਂ ਆਪਣੀ ਗੁਰਦਾ ਦੇਖਭਾਲ ਟੀਮ ਦੀ ਸਲਾਹ ਲਓ। ਪਰ, ਜੇ ਤਹਾਨੂੰ ਆਪਣੇ ਦਰਦ ਲਈ ਨਿਰੰਤਰ ਮੈਡੀਕਲ ਟ੍ਰੀਟਮੈਂਟ ਦੀ ਲੋੜ ਹੈ ਤਾਂ ਤੁਹਾਡਾ ਗੁਰਦਿਆਂ ਦਾ ਮਾਹਰ ਡਾਕਟਰ ਤੁਹਾਡੇ ਫੈਮਲੀ ਡਾਕਟਰ ਨੂੰ ਤੁਹਾਡੀਆਂ ਦਰਦ ਨਿਵਾਰਕ ਦਵਾਈਆਂ ਦੀ ਨਿਗਰਾਨੀ ਕਰਨ ਲਈ ਕਹਿ ਸਕਦਾ ਹੈ।

## ਨੋਟ - ਡਾਇਐਲਸਿਸਿ ਦੀਆਂ ਦਵਾਈਆਂ
## Notes- Dialysis Medications